# <u>ਪ੍ਰੈਸ ਨੋਟ</u>

ਸ੍ਰੀ ਅਰਪਿਤ ਸ਼ੁਕਲਾ, ਆਈ.ਪੀ.ਐਸ., ਇੰਸਪੈਕਟਰ ਜਨਰਲ ਪੁਲਿਸ, ਜਲੰਧਰ ਜੋਨ, ਜਲੰਧਰ ਵਲੋਂ ਪ੍ਰੈਸ ਕਾਨਫਰੰਸ ਦੋਰਾਨ ਦੱਸਿਆ ਗਿਆ ਕਿ ਮਿਤੀ 28.07.17 ਨੂੰ ਨਾਮਾਲੂਮ ਵਿਅਕਤੀਆਂ ਵੱਲੋਂ ਡਾਕਟਰ ਮੰਜੂ ਸ਼ਰਮਾ ਪ੍ਰਾਈਵੇਟ ਹਸਪਤਾਲ ਨਜਦੀਕ ਵੈਲੀ ਹੋਟਲ ਮਾਲ ਰੋਡ ਹੁਸ਼ਿਆਰਪੁਰ ਦਾ ਗਲ ਵਿੱਚ ਚੁੰਨੀ ਪਾਕੇ ਗਲਾ ਘੁਟਕੇ ਤੇ ਸੱਟਾਂ ਮਾਰਕੇ ਉਸਦਾ ਕਤਲ ਕਰ ਦਿੱਤਾ ਗਿਆ ਸੀ। ਇਸ ਘਟਨਾ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪੁਲਿਸ ਵੱਲੋਂ 2 ਦਿਨਾਂ ਦੇ ਅੰਦਰ ਅੰਦਰ ਜਿਲ੍ਹਾ ਹੁਸ਼ਿਆਰਪੁਰ ਦੀ ਪੁਲਿਸ ਵੱਲੋਂ ਇਸ ਕਤਲ ਦੇ ਅਸਲ ਦੋਸ਼ੀ ਅਮਿਤ ਸ਼ਰਮਾ ਉਰਫ ਜਿੰਮੀ ਪੁੱਤਰ ਵਿਨੈ ਸ਼ਰਮਾ ਵਾਸੀ ਈ.ਜੀ 1026, ਗੋਬਿੰਦ ਨਗਰ, ਥਾਣਾ ਬਾਰਾਂ ਦਰੀ ਜਿਲ੍ਹਾ ਜਲੰਧਰ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਜੋ ਕਿ ਮ੍ਰਿਤਕਾ ਡਾਕਟਰ ਮੰਜੂ ਸ਼ਰਮਾ ਦੇ ਭਰਾ ਦਾ ਲੜਕਾ ਹੈ।

ਮਿਤੀ 28.07.17 ਨੂੰ ਦੀਪਕ ਸ਼ਰਮਾ ਪੁੱਤਰ ਲੇਟ ਸ੍ਰੀ ਦੇਵ ਦੱਤ ਸ਼ਰਮਾ ਵਾਸੀ ਕੇਅਰ ਆਫ ਡਾਕਟਰ ਮੰਜੂ ਸ਼ਰਮਾ ਪ੍ਰਾਈਵੇਟ ਹਸਪਤਾਲ ਨਜਦੀਕ ਵੈਲੀ ਹੋਟਲ ਮਾਲ ਰੋਡ ਹੁਸ਼ਿਆਰਪੁਰ ਨੇ ਪੁਲਿਸ ਨੂੰ ਸੂਚਨਾ ਦਿੱਤੀ ਕਿ ਉਹ ਕਰਨਾਲ ਵਿਖੇ ਪ੍ਰਾਈਵੇਟ ਤੋਰ ਤੇ ਡਾਕਟਰ ਦੀ ਦੁਕਾਨ ਕਰਦਾ ਹੈ। ਜਿਸ ਨੇ ਆਪਣੀ ਮਾਤਾ ਮੰਜੂ ਸ਼ਰਮਾ ਨੂੰ ਫੋਨ ਕੀਤਾ ਤਾਂ ਮੰਜੂ ਸ਼ਰਮਾ ਵਲੋਂ ਕੋਈ ਜਵਾਬ ਨਹੀ ਦਿੱਤੇ ਜਾਣ ਤੇ ਉਸਨੇ ਆਪਣੇ ਜਾਣਕਾਰ ਨੂੰ ਮੋਬਾਇਲ ਫੋਨ ਕੀਤਾ ਤਾਂ ਉਸਨੇ ਘਰ ਜਾ ਕੇ ਪਤਾ ਕੀਤਾ ਤਾਂ ਉਸਨੇ ਦੇਖਿਆ ਕਿ ਮੰਜੂ ਸ਼ਰਮਾ ਦਾ ਕਿਸੇ ਨਾਮਾਲੂਮ ਵਿਅਕਤੀਆਂ ਨੇ ਉਸਦੇ ਗਲ ਵਿੱਚ ਚੁੰਨੀ ਪਾਕੇ ਅਤੇ ਸੱਟਾਂ ਮਾਰਕੇ ਉਸਦਾ ਕਤਲ ਕਰ ਦਿੱਤਾ ਹੈ। ਜਿਸ ਤੇ ਦੀਪਕ ਸ਼ਰਮਾ ਨੇ ਹਾਜਰ ਆ ਕੇ ਆਪਣਾ ਬਿਆਨ ਲਿਖਾਇਆ ਜਿਸ ਤੇ ਮੁਕਦਮਾਂ ਨੰਬਰ 93 ਮਿਤੀ 29.07.17 ਅ:ਧ: 302 ਭ:ਦ: ਥਾਣਾ ਸਿਟੀ ਹੁਸ਼ਿਆਰਪੁਰ ਦਰਜ ਕੀਤਾ ਗਿਆ। ਜੋ ਇਹ ਕਤਲ ਸ਼ਹਿਰ ਦੇ ਵਿੱਚ ਹੋਣ ਕਾਰਨ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਸ੍ਰੀ ਜੇ. ਇਲਨਚੇਲੀਅਨ, ਆਈ.ਪੀ.ਐਸ., ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਵੱਲੋਂ ਇਸ ਮੁਕਦਮੇਂ ਦੀ ਤਫਤੀਸ਼ ਲਈ ਸ੍ਰੀ ਹਰਪ੍ਰੀਤ ਸਿੰਘ ਮੰਡੇਰ, ਕਪਤਾਨ ਪੁਲਿਸ ਇੰਵੈਸਟੀਗੇਸ਼ਨ ਦੀ ਅਗਵਾਈ ਹੇਠ ਸ੍ਰੀ ਸੁਖਵਿੰਦਰ ਸਿੰਘ, ਉਪ ਕਪਤਾਨ ਪੁਲਿਸ, ਸਬ-ਡਵੀਜਨ ਸਿਟੀ, ਐਸ.ਆਈ ਕਮਲਜੀਤ ਸਿੰਘ ਮੁੱਖ ਅਫਸਰ ਥਾਣਾ ਸਿਟੀ ਅਤੇ ਐਸ.ਆਈ ਸੁਖਵਿੰਦਰ ਸਿੰਘ ਇੰਚਾਰਜ ਸੀ.ਆਈ.ਸਟਾਫ ਹੁਸ਼ਿਆਰਪੁਰ ਦੀ ਸਪੈਸ਼ਲ ਇੰਵੈਸਟੀਗੇਸ਼ਨ ਟੀਮ ਗਠਿਤ ਕੀਤੀ ਗਈ ਸੀ। ਇਸ ਟੀਮ ਵੱਲੋਂ ਮਾਮਲੇ ਨੂੰ ਟਰੇਸ ਕਰਨ ਲਈ ਦਿਨ ਰਾਤ ਮਿਹਨਤ ਕਰਦਿਆਂ ਪੂਰੀ ਡੂੰਘਾਈ ਨਾਲ ਅਤੇ ਤਕਨੀਕੀ ਢੰਗ ਨਾਲ ਹਰ ਪਹਿਲੂ ਤੋਂ ਬਰੀਕੀ ਨਾਲ ਤਫਤੀਸ਼ ਕੀਤੀ ਗਈ।

ਸ੍ਰੀ ਅਰਪਿਤ ਸ਼ੁਕਲਾ, ਆਈ.ਪੀ.ਐਸ., ਇੰਸਪੈਕਟਰ ਜਨਰਲ ਪੁਲਿਸ, ਜਲੰਧਰ ਜੋਨ, ਜਲੰਧਰ ਵੱਲੋਂ ਉਪਰੋਕਤ ਮਾਮਲੇ ਦੀ ਵਿਸਥਾਰ ਨਾਲ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅਮਿਤ ਸ਼ਰਮਾ ਉਰਫ ਜਿੰਮੀ ਪੁੱਤਰ ਵਿਨੈ ਸ਼ਰਮਾ ਵਾਸੀ ਈ.ਜੀ 1026, ਗੋਬਿੰਦ ਨਗਰ, ਥਾਣਾ ਬਾਰਾਂ ਦਰੀ ਜਿਲ੍ਹਾ ਜਲੰਧਰ ਜੋ ਕਿ ਮ੍ਰਿਤਕਾ ਡਾਕਟਰ ਮੰਜੂ ਸ਼ਰਮਾ ਦੇ ਸਕੇ ਭਰਾ ਦਾ ਲੜਕਾ ਹੈ, ਜੋ ਬਾਲਾਜੀ ਟਰੈਵਲ ਦੇ ਨਾਮ ਪਰ ਜਲੰਧਰ ਵਿਖੇ ਏਜੰਟੀ ਦੀ ਦੁਕਾਨ ਕਰਦਾ ਹੈ। ਇਸ ਨੇ ਲੋਕਾਂ ਨੂੰ ਬਾਹਰਲੇ ਦੇਸ਼ ਭੇਜਣ ਲਈ ਉਹਨਾਂ ਪਾਸੋਂ ਪੈਸੇ ਠੱਗੇ ਹੋਏ ਸਨ, ਇਸ ਦਾ ਕੰਮ ਲਗਭਗ ਬੰਦ ਹੋ ਚੁੱਕਾ

ਸੀ ਅਤੇ ਲੋਕ ਇਸ ਪਾਸੋਂ ਆਪਣੇ ਪੈਸੇ ਵਾਪਸ ਮੰਗਦੇ ਸਨ, ਜਿਸ ਕਰਕੇ ਅਮਿਤ ਸ਼ਰਮਾ ਨੇ ਆਪਣਾ ਕੰਮ ਚਲਾਉਣ ਲਈ ਆਪਣੀ ਭੂਆ ਡਾਕਟਰ ਮੰਜੂ ਸ਼ਰਮਾ ਪਾਸੋਂ ਢਾਈ ਲੱਖ ਰੁਪਏ ਦੀ ਮੰਗ ਕੁਝ ਸਮਾਂ ਪਹਿਲਾਂ ਕੀਤੀ ਸੀ। ਜਿਸ ਕਰਕੇ ਉਹ ਢਾਈ ਲੱਖ ਰੁਪਏ ਲੈਣ ਲਈ ਆਪਣੀ ਭੂਆ ਡਾਕਟਰ ਮੰਜੂ ਸ਼ਰਮਾ ਪਾਸ ਆਇਆ ਸੀ। ਜਿਸ ਨੇ ਪੈਸੇ ਦੇਣ ਤੋਂ ਨਾਹ ਕਰ ਦਿੱਤੀ, ਜਿਸ ਤੇ ਉਸਨੇ ਆਪਣੀ ਭੂਆ ਨੂੰ ਧੱਕਾ ਮਾਰਿਆ ਤੇ ਉਹ ਡਿੱਗ ਪਈ, ਉਸਦੇ ਡਿੱਗਣ ਤੇ ਉਸਨੇ ਚੁੰਨੀ ਨਾਲ ਉਸਦਾ ਗਲਾ ਘੁੱਟਕੇ ਅਤੇ ਸੱਟਾਂ ਮਾਰਕੇ ਮਾਰ ਦਿੱਤਾ ਅਤੇ ਮੌਕਾ ਤੋਂ ਫਰਾਰ ਹੋ ਗਿਆ ਸੀ। ਦੋਸ਼ੀ ਅਮਿਤ ਸ਼ਰਮਾ ਉਕਤ ਨੇ ਆਪਣੇ ਕੀਤੇ ਹੋਏ ਜੁਰਮ ਨੂੰ ਮੰਨ ਲਿਆ ਹੈ ਜਿਸ ਨੂੰ ਮੁਕਦਮਾਂ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਮੁੱਢਲੀ ਤਫਤੀਸ਼ ਦੌਰਾਨ ਦੋਸ਼ੀ ਅਮਿਤ ਸ਼ਰਮਾ ਨੇ ਇਹ ਵੀ ਦੱਸਿਆ ਕਿ ਉਸਨੇ ਆਪਣੀ ਭੂਆ ਡਾਕਟਰ ਮੰਜੂ ਸ਼ਰਮਾ ਪਾਸੋਂ ਕੁਝ ਖਾਲੀ ਅਸਟਾਮ ਪੇਪਰਾਂ ਪਰ ਉਸਦੇ ਦਸਤਖਤ ਵੀ ਕਰਵਾਏ ਹੋਏ ਸਨ, ਜੋ ਇਹ ਅਸ਼ਟਾਮ ਪੇਪਰ ਦੋਸ਼ੀ ਪਾਸੋਂ ਬਰਾਮਦ ਹੋ ਚੁੱਕੇ ਹਨ। ਜਿਸ ਨੂੰ ਪੇਸ਼ ਅਦਾਲਤ ਕਰਕੇ ਰਿਮਾਂਡ ਹਾਸਲ ਕਰਕੇ ਉਸ ਪਾਸੋਂ ਮਜੀਦ ਪੁਛਗਿਛ ਕੀਤੀ ਜਾ ਰਹੀ ਹੈ।

# **ਪ੍ਰੈਸ ਨੋਟ**

ਮਾਹ ਜੁਲਾਈ 2017 ਵਿੱਚ ਜਿਲ੍ਹਾ ਹੁਸ਼ਿਆਰਪੁਰ ਦੀ ਪੁਲਿਸ ਵੱਲੋਂ ਹੇਠ ਲਿਖੇ ਅਨੁਸਾਰ ਪ੍ਰਾਪਤੀਆਂ ਕੀਤੀਆਂ ਗਈਆਂ ਹਨ:-

**ਮੁਜਰਿਮ ਇਸ਼ਤਿਹਾਰੀਆਂ ਦੀ ਗ੍ਰਿਫਤਾਰੀ**

ਮਾਹ ਜੁਲਾਈ ਵਿੱਚ ਮੁਜਰਿਮ ਇਸ਼ਹਾਰੀਆਂਦੀ ਗ੍ਰਿਫਤਾਰ ਲਈ ਸਪੈਸ਼ਲ ਮੁਹਿੰਮ ਚਲਾਈ ਗਈ ਇਸ ਮੁਹਿੰਮ ਦੋਰਾਨ ਕੁੱਲ 84 ਮੁਜਰਿਮ ਇਸ਼ਤਹਾਰੀ ਗ੍ਰਿਫਤਾਰ ਕੀਤੇ ਗਏ ਅਤੇ 44 ਮੁਜਰਿਮ ਇਸ਼ਤਹਾਰੀਆਂ ਨੂੰ ਡਿਲੀਟ ਕਰਵਾਇਆ ਗਿਆ। ਇਸ ਤਰ੍ਹਾ ਕੁੱਲ 128 ਮੁਰਜਿਮ ਇਸ਼ਤਿਹਾਰੀਆਂ ਦਾ ਨਿਪਟਾਰਾ ਕੀਤਾ ਗਿਆ ਹੈ।

**ਐਕਸਾਈਜ ਐਕਟ ਅਧੀਨ ਦਰਜ ਮੁਕਦਮੇਂ ਤੇ ਬਰਾਮਦਗੀ:-**

ਐਕਸਾਈਜ ਐਕਟ ਅਧੀਨ ਬਰਾਮਦਗੀ ਦਾ ਵੇਰਵਾ:-

| ਦਰਜ ਮੁਕੱਦਮੇਂ | ਗ੍ਰਿਫਤਾਰ ਦੋਸ਼ੀ | ਬ੍ਰਾਮਦਗੀ |
|---|---|---|
| 26 | 30 | ਸ਼ਰਾਬ ਠੇਕਾ 1917500 ਐਮ.ਐਲ<br>ਸ਼ਰਾਬ ਨਜਾਇਜ 130500 ਐਮ.ਐਲ |

**ਜੂਆ/ਦੜਾ ਸੱਟਾ ਐਕਟ ਅਧੀਨ ਦਰਜ ਮੁਕਦਮੇਂ ਤੇ ਬਰਾਮਦਗੀ:-**

ਜੂਆ/ਦੜਾ ਸੱਟਾ ਐਕਟ ਅਧੀਨ ਬਰਾਮਦਗੀ ਦਾ ਵੇਰਵਾ:-

| ਦਰਜ ਮੁਕੱਦਮੇਂ | ਗ੍ਰਿਫਤਾਰ ਦੋਸ਼ੀ | ਬ੍ਰਾਮਦਗੀ |
|---|---|---|
| 21 | 39 | 480405/- ਰੁਪਏ |

**ਐਨ.ਡੀ.ਪੀ.ਐਸ., ਐਕਟ ਅਧੀਨ ਦਰਜ ਮੁਕਦਮੇਂ ਤੇ ਬਰਾਮਦਗੀ:-**

ਮਿਤੀ 01.07.17 ਤੋਂ 31.07.17 ਤੱਕ ਐਨ.ਡੀ.ਪੀ.ਐਸ ਐਕਟ ਅਧੀਨ ਬਰਾਮਦਗੀ ਦਾ ਵੇਰਵਾ:-

| ਦਰਜ ਮੁਕੱਦਮੇਂ | ਗ੍ਰਿਫਤਾਰ ਦੋਸ਼ੀ | ਬ੍ਰਾਮਦਗੀ |
|---|---|---|
| 42 | 47 | ਡੋਡੇ ਚੂਰਾ ਪੋਸਤ = 637 ਕਿਲੋ 80 ਗ੍ਰਾਮ<br>ਅਫੀਮ = 29 ਗ੍ਰਾਮ 64 ਮਿਲੀਗ੍ਰਾਮ<br>ਨਸ਼ੀਲਾ ਪਾਊਡਰ = 1 ਕਿਲੋ 213 ਗ੍ਰਾਮ<br>ਕੈਪਸੂਲ ਗੋਲੀਆਂ = 800<br>ਨਸ਼ੀਲੇ ਟੀਕੇ = 75<br>ਭੰਗ = 22 ਮਿਲੀਗ੍ਰਾਂਮ |

**ਅਸਲਾ ਐਕਟ ਅਧੀਨ ਦਰਜ ਮੁਕਦਮੇਂ ਤੇ ਬਰਾਮਦਗੀ:-**

ਅਸਲਾ ਐਕਟ ਅਧੀਨ ਬਰਾਮਦਗੀ ਦਾ ਵੇਰਵਾ:-

| ਦਰਜ ਮੁਕੱਦਮੇਂ | ਗ੍ਰਿਫਤਾਰ ਦੋਸ਼ੀ | ਬ੍ਰਾਮਦਗੀ |
|---|---|---|
| 02 | 02 | ਪਿਸਟਲ = 01<br>ਰਿਵਾਲਵਰ = 01<br>ਕਾਰਤੂਸ = 09 |